# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਐਸ.ਸੀ.ਓ 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ
ਫੋਨ ਨੰ: 0172-2623206, 2623207

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.), ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) , ਪੰਜਾਬ।

ਮੀਮੋ ਨੰ:- SSA/DEC/VEDC/10/34328-367
ਮਿਤੀ: ਚੰਡੀਗੜ੍ਹ, 28/04/10

**ਵਿਸ਼ਾ:** **ਕੋਰੀਜੰਡਮ: ਸਰਵ ਸਿੱਖਿਆ ਅਭਿਆਨ ਤਹਿਤ ਸਰਕਾਰੀ ਪ੍ਰਾਇਮਰੀ ਸਕੂਲਾਂ ਅਤੇ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਲਈ ਬਣਾਈਆਂ ਗਈਆਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਅਤੇ ਸ਼ਹਿਰੀ ਸਿੱਖਿਆ ਵਿਕਾਸ ਕਮੇਟੀਆਂ ਦੀ ਰਚਨਾ ਬਾਬਤ।**

1.0 ਇਸ ਦਫ਼ਤਰ ਦੇ ਪੱਤਰ ਨੰ ਈ.ਮੀਡੀਆ./2010/ਵੀ.ਈ.ਡੀ.ਸੀ./30340-374, ਮਿਤੀ: 14/03/10 ਅਧੀਨ ਆਪ ਸਭ ਨੂੰ ਸਰਵ ਸਿੱਖਿਆ ਅਭਿਆਨ ਤਹਿਤ ਸਰਕਾਰੀ ਪ੍ਰਾਇਮਰੀ ਸਕੂਲਾਂ ਅਤੇ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਲਈ ਬਣਾਈਆਂ ਗਈਆਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਅਤੇ ਸ਼ਹਿਰੀ ਸਿੱਖਿਆ ਵਿਕਾਸ ਕਮੇਟੀਆਂ ਸਬੰਧੀ ਕੁਝ ਵਿਸ਼ੇਸ਼ ਗਾਈਡਲਾਈਨਜ਼ ਭੇਜੀਆਂ ਗਈਆਂ ਸਨ। ਜਿਹਨਾਂ ਵਿੱਚ ਡਿਸਏਬਲ ਬੱਚੇ ਦੇ ਮਾਪੇ ਦੀ Honorary ਮੈਂਬਰਸ਼ਿਪ ਅਤੇ ਆਂਗਣਵਾੜੀ ਵਰਕਰਜ਼ ਦੀ ਮੈਂਬਰਸ਼ਿਪ ਦਾ ਜ਼ਿਕਰ ਗਲਤੀ ਨਾਲ ਰਹਿ ਗਿਆ ਸੀ।

2.0 ਆਪ ਸਭ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਅਤੇ ਸ਼ਹਿਰੀ ਸਿੱਖਿਆ ਵਿਕਾਸ ਕਮੇਟੀਆਂ ਦੀ ਰਚਨਾ ਹੇਠ ਅਨੁਸਾਰ ਹੋਵੇਗੀ:

ਐਸ.ਐਸ.ਏ. ਅਧੀਨ ਪ੍ਰਾਇਮਰੀ/ਅੱਪਰ ਪ੍ਰਾਇਮਰੀ ਸਕੂਲਾਂ ਲਈ ਪਸਵਕ ਕਮੇਟੀ ਦੀ ਬਣਤਰ:

<u>Ex-officio Members:</u>

- ਸਕੂਲ ਹੈੱਡਮਾਸਟਰ/ਪ੍ਰਿੰਸੀਪਲ : ਮੈਂਬਰ ਸਕੱਤਰ
- ਸੀਨੀਅਰ ਸਕੂਲ ਅਧਿਆਪਕ : ਮੈਂਬਰ
- ਆਂਗਣਵਾੜੀ ਵਰਕਰ : ਮੈਂਬਰ

Non-official Members:

- ਲੋਕਲ ਪਿੰਡ ਦੇ ਦੋ ਪੰਚਾਇਤ ਮੈਂਬਰ : ਮੈਂਬਰ
  (ਘੱਟੋਂ-ਘੱਟ ਇੱਕ ਫੀ-ਮੇਲ)
- ਦੋ ਪੀ.ਟੀ.ਏ. ਮੈਂਬਰ : ਮੈਂਬਰ
  (ਘੱਟੋਂ-ਘੱਟ ਇੱਕ ਫੀ-ਮੇਲ)
- ਸਾਬਕਾ ਫੌਜੀ : ਮੈਂਬਰ
- ਇੱਕ ਰਿਟਾਇਰਡ ਅਧਿਆਪਕ : ਮੈਂਬਰ
- ਦਾਨੀ ਪੁਰਸ਼ : ਮੈਂਬਰ
- 6-14 ਸਾਲ ਦੇ ਡਿਸਏਬਲ ਬੱਚੇ ਦੇ ਮਾਤਾ ਜਾਂ ਪਿਤਾ : Honorary ਮੈਂਬਰ

3.0 ਹੋਰ ਵਧੇਰੇ ਜਾਣਕਾਰੀ ਲਈ ਵਿਭਾਗ ਵੱਲੋਂ ਜਾਰੀ ਕੀਤੀ ਗਈ ਬੁੱਕਲੈਟ "ਪੇਂਡੂ ਸਿੱਖਿਆ ਵਿਕਾਸ ਕਮੇਟੀ (ਪਸਵਕ) ਦੇ ਕੰਮਾਂ-ਕਾਜਾਂ ਲਈ ਨੇਮ" ਰੈਫਰ ਕੀਤੀ ਜਾਵੇ।

4.0 ਕੁਝ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਸਾਬਕਾ ਅਧਿਆਪਕ ਅਤੇ ਪੰਚਾਇਤ/ ਮਿਊਂਸਪਲ ਕਾਰਪੋਰੇਸ਼ਨ/ਕਾਉਸ਼ਿਲ (Muncipal Corporation/ Council) ਦੇ ਸਬੰਧ ਵਿੱਚ ਕੀਤੇ ਗਏ ਸਵਾਲਾਂ ਦਾ ਸਪੱਸ਼ਟੀਕਰਨ ਹੇਠ ਲਿਖੇ ਅਨੁਸਾਰ ਹੈ:

- ਜੇ ਕਿਸੇ ਵੀ ਕਾਰਨ ਪਸਵਕ ਲਈ ਸਿੱਖਿਆ ਵਿਭਾਗ ਦਾ ਸਾਬਕਾ ਅਧਿਆਪਕ ਉਪਲਬਧ ਨਾ ਹੋਵੇ ਤਾਂ ਪਸਵਕ ਮਤਾ ਪਾ ਕੇ ਕਿਸੇ ਹੋਰ ਵਿਭਾਗ ਦਾ ਸੇਵਾ-ਮੁਕਤ ਕਰਮਚਾਰੀ ਨਾਮਜ਼ਦ ਕਰ ਸਕਦੀ ਹੈ।

- ਰੁਰਲ (ਪੇਂਡੂ) ਸਕੂਲਾਂ ਦੀਆਂ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ (ਪਸਵਕ) ਲਈ ਮੌਜੂਦਾ ਪੰਚਾਇਤ ਦੀਆਂ ਦੋ ਨਾਮਜ਼ਦਗਿਆਂ/ ਮੈਂਬਰ ਅਤੇ ਸ਼ਹਿਰੀ ਸਿੱਖਿਆ ਵਿਕਾਸ ਕਮੇਟੀਆਂ (ਸਸਵਕ) ਲਈ ਮੌਜੂਦਾ ਮਿਊਂਸੀਪਲ ਕਾਰਪੋਰੇਸ਼ਨ / ਕਾਉਸ਼ਿਲ ਦੀਆਂ ਦੋ ਨਾਮਜ਼ਦਗਿਆਂ / ਮੈਂਬਰ ਹੋਣਾ ਲਾਜ਼ਮੀ ਹੈ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ/**
**ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ,**
**ਪੰਜਾਬ, ਚੰਡੀਗੜ੍ਹ।**